## ਅਗਾਂਹ ਕੀ ਹੁੰਦਾ ਹੈ?

ਤੁਹਾਡੇ ਕੰਪਲੈਕਸਾਂ ਦੇ ਹਰੇ ਢੋਲ ਦੀ ਸਾਮੱਗਰੀ ਸਿਟੀ ਵਲੋਂ ਚੁੱਕੀ ਜਾਂਦੀ ਹੈ ਅਤੇ ਇਲਾਕੇ ਦੀ ਰੂੜੀ ਬਣਾਉਣ ਵਾਲੀ ਥਾਂ 'ਤੇ ਲਿਜਾਈ ਜਾਂਦੀ ਹੈ ਜਿੱਥੇ ਉੱਚ ਪੱਧਰ ਦੀ ਰੂੜੀ ਬਣਾਈ ਜਾਂਦੀ ਹੈ ਅਤੇ ਵਧੀਆ ਮਿੱਟੀ ਦੇ ਤੌਰ 'ਤੇ ਵੇਚੀ ਜਾਂਦੀ ਹੈ ਜਿਹੜੀ ਕਿ ਬਾਗਬਾਨੀ/ਖੇਤੀਬਾੜੀ ਲਈ ਵਰਤੀ ਜਾ ਸਕਦੀ ਹੈ। ਇਲਾਕੇ ਦੀ ਰੂੜੀ ਬਣਾਉਣ ਵਾਲੀ ਥਾਂ ਬਾਰੇ ਜਾਣਕਾਰੀ ਲਈ
www.fraserrichmond.ca ਵੈੱਬਸਾਈਟ 'ਤੇ ਜਾਉ।



## ਆਮ ਪੁੱਛੇ ਜਾਂਦੇ ਸਵਾਲ

### ਮੈਨੂੰ ਆਪਣੇ ਕੰਪਲੈਕਸ ਦੇ ਖਾਣਿਆਂ ਦੀ ਰਹਿੰਦ-ਖੂੰਹਦ ਨੂੰ ਰੀਸਾਇਕਲ ਕਰਨ ਦੇ ਪ੍ਰੋਗਰਾਮ ਵਿਚ ਹਿੱਸਾ ਕਿਉਂ ਲੈਣਾ ਚਾਹੀਦਾ ਹੈ?

ਗਾਰਬੇਜ ਸੁੱਟਣ ਵਾਲੀਆਂ ਥਾਂਵਾਂ ਦਾ ਖਰਚਾ ਵਧਣਾ ਜਾਰੀ ਹੈ (ਸਾਲ 2011 ਵਿਚ 18% ਵਧ ਕੇ 97 ਡਾਲਰ ਪ੍ਰਤੀ ਟਨ ਹੋ ਗਿਆ), ਪਰ ਖਾਣਿਆਂ ਦੀ ਰਹਿੰਦ-ਖੂੰਹਦ ਅਤੇ ਖਾਣਿਆਂ ਨਾਲ ਲਿੱਬੜੇ ਪੇਪਰਾਂ ਨੂੰ ਸੁੱਟਣ ਦਾ ਖਰਚਾ 53 ਡਾਲਰ ਪ੍ਰਤੀ ਟਨ ਹੈ। ਇਸ ਕਰਕੇ, ਗਾਰਬੇਜ ਸੁੱਟਣ ਵਾਲੀਆਂ ਥਾਂਵਾਂ ਨੂੰ ਘੱਟ ਗਾਰਬੇਜ ਭੇਜ ਕੇ ਵਾਤਾਵਰਣ ਦੀ ਮਦਦ ਕਰਨ ਤੋਂ ਇਲਾਵਾ, ਬਰਨਬੀ ਦਾ ਖਾਣਿਆਂ ਦੀ ਰਹਿੰਦ-ਖੂੰਹਦ ਨੂੰ ਰੀਸਾਇਕਲ ਕਰਨ ਦਾ ਪ੍ਰੋਗਰਾਮ ਤੁਹਾਡੇ ਪੈਸੇ ਵੀ ਬਚਾ ਸਕਦਾ ਹੈ। ਆਪਣੇ ਕੰਪਲੈਕਸ ਦੇ ਹਰੇ ਢੋਲ ਵਿਚ ਜ਼ਿਆਦਾ ਅਤੇ ਗਾਰਬੇਜ ਵਿਚ ਘੱਟ ਪਾਉਣ ਨਾਲ, ਤੁਹਾਡੇ ਕੰਪਲੈਕਸ ਦੀਆਂ ਗਾਰਬੇਜ ਚੁੱਕਣ ਦੀਆਂ ਲੋੜਾਂ ਅਤੇ ਖਰਚਾ ਘਟ ਸਕਦੇ ਹਨ। ਜੇ ਤੁਸੀਂ ਗਾਰਬੂਰੇਟਰ ਵਰਤਦੇ ਹੋ ਤਾਂ ਇਹ ਗੱਲ ਮਨ ਵਿਚ ਰੱਖੋ: ਗਾਰਬੂਰੇਟਰ ਟੈਕਸ ਦੇਣ ਵਾਲੇ ਸਾਰੇ ਲੋਕਾਂ ਲਈ ਪਾਣੀ ਸਾਫ ਕਰਨ ਦਾ ਖਰਚਾ ਵਧਾਉਂਦੇ ਹਨ ਅਤੇ ਇਸ ਵਿਚ ਬਹੁਤ ਸਾਰੇ ਉਹ ਖਾਣੇ ਵੀ ਨਹੀਂ ਪਾਏ ਜਾ ਸਕਦੇ ਜਿਹੜੇ ਤੁਹਾਡੇ ਕੰਪਲੈਕਸ ਦੇ ਹਰੇ ਢੋਲ ਵਿਚ ਜਾ ਸਕਦੇ ਹਨ (ਜਿਵੇਂ ਮੀਟ, ਹੱਡੀਆਂ ਅਤੇ ਖਾਣਿਆਂ ਨਾਲ ਲਿੱਬੜੇ ਪੇਪਰ)।

### ਸਾਨੂੰ ਆਪਣੇ ਖਾਣਿਆਂ ਦੀ ਰਹਿੰਦ-ਖੂੰਹਦ ਢਕਣੀ ਕਿਉਂ ਪੈਣੀ ਹੈ?

ਪੇਪਰ ਦੀ ਕਿਸੇ ਚੀਜ਼ ਨਾਲ ਆਪਣੇ ਖਾਣਿਆਂ ਦੀ ਰਹਿੰਦ-ਖੂੰਹਦ ਨੂੰ ਢਕਣ ਨਾਲ ਤੁਹਾਡਾ ਰਸੋਈ ਦਾ ਰਹਿੰਦ-ਖੂੰਹਦ ਪਾਉਣ ਵਾਲਾ ਡੱਬਾ ਸਾਫ ਰਹੇਗਾ ਅਤੇ ਤੁਹਾਡੇ ਕੰਪਲੈਕਸ ਦੇ ਹਰੇ ਢੋਲ ਵਿਚ ਮੁਸ਼ਕ ਅਤੇ ਮੱਖੀਆਂ ਘਟਾਏਗਾ। ਆਪਣੇ ਕੰਪਲੈਕਸ ਦੇ ਹਰੇ ਢੋਲ ਵਿਚ ਆਪਣੇ ਖਾਣਿਆਂ ਦੀ ਰਹਿੰਦ-ਖੂੰਹਦ ਨਾਲ ਪੇਪਰ ਦੀਆਂ ਕੁਝ ਚੀਜ਼ਾਂ ਪਾਉਣ ਨਾਲ ਰੂੜੀ ਬਣਨ ਦੇ ਕਾਰਜ ਵਿਚ ਫਾਇਦਾ ਹੁੰਦਾ ਹੈ ਕਿਉਂਕਿ ਇਸ ਨਾਲ ਕਾਰਬਨ ਦਾ ਇਕ ਚੰਗਾ ਸ੍ਰੋਤ ਮਿਲਦਾ ਹੈ।





### ਮਲਟੀ-ਫੈਮਿਲੀ ਖਾਣਿਆਂ ਦੀ ਰਹਿੰਦ-ਖੂੰਹਦ ਨੂੰ ਰੀਸਾਇਕਲ ਕਰਨ ਦੇ ਪ੍ਰੋਗਰਾਮ ਵਿਚ ਖਾਣਿਆਂ ਦੀ ਕਿਸ ਕਿਸਮ ਦੀ ਰਹਿੰਦ-ਖੂੰਹਦ ਪ੍ਰਵਾਨ ਕੀਤੀ ਜਾਂਦੀ ਹੈ?

**ਹਾਂ** ✓ ਵਾਲਾ ਕੋਈ ਵੀ ਖਾਣਾ ਅਤੇ ਖਾਣੇ ਨਾਲ ਲਿੱਬੜੇ ਪੇਪਰ ਪ੍ਰਵਾਨ ਕੀਤੇ ਜਾਂਦੇ ਹਨ। **ਨਹੀਂ** ✗ ਵਾਲੀ ਕੋਈ ਵੀ ਸਾਮੱਗਰੀ ਜਿਵੇਂ ਕਿ ਤੇਲ, ਗਰੀਸ, ਪਲਾਸਟਿਕ ਜਾਂ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਪੈਕਿੰਗ ਪ੍ਰਵਾਨ ਨਹੀਂ ਕੀਤੀ ਜਾਂਦੀ। ਵੇਰਵਿਆਂ ਲਈ **ਹਾਂ** ✓ / **ਨਹੀਂ** ✗ ਖਾਨਾ ਦੇਖੋ।

### ਸਿਟੀ ਸਾਡੇ ਕੰਪਲੈਕਸ ਤੋਂ ਖਾਣਿਆਂ ਦੀ ਰਹਿੰਦ-ਖੂੰਹਦ ਕਦੋਂ ਚੁੱਕੇਗਾ?

ਖਾਣਿਆਂ ਦੀ ਰਹਿੰਦ-ਖੂੰਹਦ ਤੁਹਾਡੇ ਕੰਪਲੈਕਸ ਵਿੱਚੋਂ ਹਰ ਹਫਤੇ ਚੁੱਕੀ ਜਾਵੇਗੀ।

### ਸਾਡੇ ਕੰਪਲੈਕਸ ਦਾ ਹਰਾ ਢੋਲ ਕਿੱਥੇ ਰੱਖਿਆ ਹੋਵੇਗਾ?

ਤੁਹਾਡੇ ਕੰਪਲੈਕਸ ਦਾ ਹਰਾ ਢੋਲ ਤੁਹਾਡੇ ਗਾਰਬੇਜ ਅਤੇ ਰੀਸਾਇਕਲਿੰਗ ਦੇ ਮੌਜੂਦਾ ਏਰੀਏ ਵਿਚ ਹੋਵੇਗਾ ਅਤੇ ਜਿਸ ਦੇ ਢੱਕਣ ਉੱਪਰ "ਫੂਡ ਸਕਰੈਪਸ ਰੀਸਾਇਕਲਿੰਗ" ਦਾ ਲੇਬਲ ਲੱਗਾ ਹੋਵੇਗਾ ਅਤੇ ਇਹ ਜਾਣਕਾਰੀ ਲਿਖੀ ਹੋਵੇਗੀ ਕਿ ਖਾਣਿਆਂ ਦੀ ਕਿਹੜੀ ਰਹਿੰਦ-ਖੂੰਹਦ ਪ੍ਰਵਾਨ ਕੀਤੀ ਜਾਂਦੀ ਹੈ।

**ਆਮ ਪੁੱਛੇ ਜਾਂਦੇ ਹੋਰ ਸਵਾਲ**

www.burnaby.ca/foodscraps

BURNABY FOOD SCRAPS · RECYCLING PROGRAM ·



## ਸਾਡੇ ਨਾਲ ਗੱਲ ਕਰੋ

ਜੇ ਤੁਹਾਡੇ ਮਨ ਵਿਚ ਸਵਾਲ ਹੋਣ, ਜਾਂ ਜ਼ਿਆਦਾ ਜਾਣਕਾਰੀ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ:

604-294-7972 engineering@burnaby.ca www.burnaby.ca/ foodscraps

# ਮਲਟੀ-ਫੈਮਿਲੀ ਖਾਣਿਆਂ ਦੀ ਰਹਿੰਦ-ਖੂੰਹਦ ਨੂੰ ਰੀਸਾਇਕਲ ਕਰਨ ਦਾ ਪ੍ਰੋਗਰਾਮ

City of Burnaby



### ਆਪਣਾ ਰੋਲ ਨਿਭਾਉਣਾ, ਇਕ ਇਕ ਛਿਲਕਾ ਕਰਕੇ...

ਇਕ ਆਮ ਘਰ ਦਾ ਤਕਰੀਬਨ 50% ਗਾਰਬੇਜ, ਖਾਣਿਆਂ ਦੀ ਰਹਿੰਦ-ਖੂੰਹਦ ਅਤੇ ਖਾਣਿਆਂ ਨਾਲ ਲਿੱਬੜੀਆਂ ਪੇਪਰ ਦੀਆਂ ਚੀਜ਼ਾਂ ਹੁੰਦਾ ਹੈ। ਬਰਨਬੀ ਦੇ ਖਾਣਿਆਂ ਦੀ ਰਹਿੰਦ-ਖੂੰਹਦ ਨੂੰ ਰੀਸਾਇਕਲ ਕਰਨ ਦੇ ਪ੍ਰੋਗਰਾਮ ਵਿਚ ਹਿੱਸਾ ਲੈ ਕੇ ਤੁਸੀਂ ਸੁੱਟਣ ਲਈ ਜਾ ਰਹੇ ਗਾਰਬੇਜ ਦੀ ਮਾਤਰਾ ਘੱਟ ਕਰਨ ਵਿਚ ਮਦਦ ਕਰ ਸਕਦੇ ਹੋ। ਇਹ ਪਤਾ ਲਾਉਣ ਲਈ ਇਸ ਗਾਈਡ ਦੀ ਪਾਲਣਾ ਕਰੋ ਕਿ ਤੁਹਾਡਾ ਕੰਪਲੈਕਸ ਕਿਵੇਂ ਹਿੱਸਾ ਲੈ ਸਕਦਾ ਹੈ।

### ਸ਼ੁਰੂ ਕਰਨਾ...

1. ਆਪਣੀ ਰਸੋਈ ਵਿਚ ਖਾਣਿਆਂ ਦੀ ਰਹਿੰਦ-ਖੂੰਹਦ ਅਤੇ ਖਾਣਿਆਂ ਨਾਲ ਲਿੱਬੜੇ ਪੇਪਰਾਂ ਨੂੰ ਇਕੱਠਾ ਕਰਨ ਲਈ ਢੱਕਣ ਵਾਲਾ ਇਕ ਡੱਬਾ ਲਵੋ - ਆਈਸ ਕਰੀਮ ਵਾਲੀ ਕੋਈ ਬਾਲਟੀ ਜਾਂ ਪਲਾਸਟਿਕ ਦਾ ਕੋਈ ਵੱਡਾ ਡੱਬਾ ਕੰਮ ਕਰੇਗਾ। **ਕਿਰਪਾ ਕਰਕੇ ਪਲਾਸਟਿਕ ਦੇ ਜਾਂ ਰੂੜੀ ਬਣਾਉਣ (ਕੰਪੋਸਟ ਕਰਨ) ਵਾਲੇ ਬੈਗ ਨਾ ਵਰਤੋ, ਇਹ ਪ੍ਰਵਾਨ ਨਹੀਂ ਕੀਤੇ ਜਾਂਦੇ।**
2. ਆਪਣੀ **ਹਾਂ** ✓ ਵਾਲੀ ਖਾਣਿਆਂ ਦੀ ਰਹਿੰਦ-ਖੂੰਹਦ ਅਤੇ ਖਾਣਿਆਂ ਨਾਲ ਲਿੱਬੜੇ ਪੇਪਰਾਂ ਵਾਲੀਆਂ ਚੀਜ਼ਾਂ ਆਪਣੀ ਰਸੋਈ ਦੇ ਡੱਬੇ ਵਿਚ ਇਕੱਠੀਆਂ ਕਰੋ।
3. ਜਦੋਂ ਤੁਹਾਡਾ ਰਸੋਈ ਵਾਲਾ ਡੱਬਾ ਭਰ ਜਾਵੇ ਤਾਂ ਇਸ ਨੂੰ ਸਿਟੀ ਵਲੋਂ ਦਿੱਤੇ ਗਏ ਹਰੇ ਢੋਲ (ਬਿਨ) ਵਿਚ ਖਾਲੀ ਕਰੋ ਜਿਸ ਉੱਪਰ **ਫੂਡ ਸਕਰੈਪਸ ਰੀਸਾਇਕਲਿੰਗ** ਲਿਖਿਆ ਹੋਇਆ ਹੈ, ਜੋ ਕਿ ਤੁਹਾਡੇ ਕੰਪਲੈਕਸਾਂ ਦੇ ਰੀਸਾਇਕਲਿੰਗ ਅਤੇ ਗਾਰਬੇਜ ਢੋਲਾਂ ਦੇ ਨਾਲ ਰੱਖਿਆ ਹੋਇਆ ਹੈ। ਪਲਾਸਟਿਕ ਦੀ ਕੋਈ ਵੀ ਚੀਜ਼ ਆਪਣੇ ਹਰੇ ਢੋਲ ਵਿਚ ਨਾ ਪਾਉ।
4. ਹਰ ਵਾਰੀ ਖਾਲੀ ਕਰਨ ਤੋਂ ਬਾਅਦ ਆਪਣਾ ਰਸੋਈ ਵਾਲਾ ਡੱਬਾ ਧੋਵੋ, ਅਤੇ ਖਾਣਿਆਂ ਦੀ ਰਹਿੰਦ-ਖੂੰਹਦ ਫਿਰ ਇਕੱਠੀ ਕਰਨੀ ਸ਼ੁਰੂ ਕਰ ਦਿਉ।













重要通告：小冊子可在網上取得。
ਜ਼ਰੂਰੀ ਸੂਚਨਾ: ਕਿਤਾਬਚਾ ਇੰਟਰਨੈੱਟ 'ਤੇ ਮੌਜੂਦ ਹੈ।
중요 공지: 책자는 온라인으로 구할 수 있습니다.
Avviso importante: la brochure è disponibile online.

www.burnaby.ca/foodscraps

# ਮੈਂ ਕੀ ਇਕੱਠਾ ਕਰ ਸਕਦੀ/ਸਕਦਾ ਹਾਂ?

## ਹਾਂ! ਇਹ ਚੀਜ਼ਾਂ ਪਾਉ:


ਮੀਟ, ਪੋਲਟਰੀ, ਮੱਛੀ, ਸ਼ੈਲਫਿਸ਼ ਅਤੇ ਹੱਡੀਆਂ


ਖਾਣਿਆਂ ਦੀ ਟੇਬਲ ਅਤੇ ਪਲੇਟ ਵਿਚ ਬਚੀ ਰਹਿੰਦ-ਖੂੰਹਦ


ਬਰੈੱਡ, ਗੁੰਨ੍ਹਿਆ ਆਟਾ, ਪਾਸਤਾ, ਦਾਣੇ


ਖਾਣਿਆਂ ਨਾਲ ਲਿੱਬੜੇ ਪੇਪਰ (ਪੇਪਰ ਤੌਲੀਏ, ਨੈਪਕਿਨ, ਪੇਪਰ ਦੀਆਂ ਪਲੇਟਾਂ)


ਆਂਡੇ ਅਤੇ ਦੁੱਧ ਤੋਂ ਬਣੀਆਂ ਚੀਜ਼ਾਂ


ਸਬਜ਼ੀਆਂ, ਸਲਾਦ (ਡਰੈਸਿੰਗ ਨਾਲ) ਅਤੇ ਫਲ


ਪੀਸੀ ਹੋਈ ਕੌਫੀ, ਫਿਲਟਰ ਅਤੇ ਚਾਹ (ਖੁਲ੍ਹੀ ਅਤੇ ਬੈਗਾਂ ਵਾਲੀ)


ਪੀਜ਼ੇ ਵਾਲੇ ਡੱਬੇ

## ਨਹੀਂ! ਇਹ ਚੀਜ਼ਾਂ ਨਾ ਪਾਉ:


ਪਲਾਸਟਿਕ ਦੇ ਬੈਗ ਜਾਂ ਕੰਪੋਸਟ ਹੋਣ ਯੋਗ ਪਲਾਸਟਿਕਾਂ (ਬਾਇਓ-ਬੈਗ)


ਤਾਰਾਂ, ਬੰਨ੍ਹਣ ਲਈ ਡੋਰੀਆਂ, ਜਾਂ ਰਬੜ ਬੈਂਡ


ਮੋਮੀ ਪੇਪਰ ਵਾਲੇ ਡੱਬੇ, ਜਾਂ ਰੈਸਟੋਰੈਂਟ ਤੋਂ ਖਾਣਾ ਲਿਜਾਣ ਵਾਲੇ ਡੱਬੇ, ਸਟਰਾਅ



ਪਲਾਸਟਿਕ ਰੈਪ ਜਾਂ ਪਲਾਸਟਿਕ ਦੇ ਲਿਜਾਣ ਵਾਲੇ ਡੱਬੇ, ਲੇਟੈਕਸ ਜਾਂ ਪਲਾਸਟਿਕ ਦੇ ਗਰੌਸਰੀ ਵਾਲੇ ਬੈਗ, ਟੋਕਰੀਆਂ, ਜਾਲੀਆਂ, ਜਾਂ ਬੈਗ


ਕੌਫੀ ਵਾਲੇ ਕੱਪ, ਡਾਟ ਜਾਂ ਸਟਾਇਰੋਫੋਮ


ਗਰੀਸ ਜਾਂ ਤਰਲ


ਡੱਬੇ, ਗਲਾਸ, ਧਾਤਾਂ, ਪਲਾਸਟਿਕ ਜਾ ਫੋਇਲ


ਜਾਨਵਰਾਂ ਦੀ ਰਹਿੰਦ-ਖੂੰਹਦ ਜਾਂ ਬਿੱਲੀਆਂ ਦਾ ਗੰਦ ਜਾਂ ਡਾਇਪਰ

# ਆਪਣੀ ਖਾਣਿਆਂ ਦੀ ਰਹਿੰਦ-ਖੂੰਹਦ ਨੂੰ ਢਕੋ!

## ਹਾਂ ✓

ਮੁਸ਼ਕ ਘਟਾਉਣ ਲਈ ਅਤੇ ਆਪਣੀ ਰਸੋਈ ਦੇ ਢੋਲ ਅਤੇ ਆਪਣੇ ਕੰਪਲੈਕਸਾਂ ਦੇ ਹਰੇ ਢੋਲਾਂ ਨੂੰ ਸਾਫ ਰੱਖਣ ਲਈ ਪੇਪਰ ਤੋਂ ਬਣੀਆਂ ਅੱਗੇ ਲਿਖੀਆਂ ਚੀਜ਼ਾਂ ਵਿੱਚੋਂ ਕਿਸੇ ਦੀ ਵਰਤੋਂ ਕਰਕੇ ਆਪਣੀ ਖਾਣਿਆਂ ਦੀ ਰਹਿੰਦ-ਖੂੰਹਦ ਨੂੰ ਢਕੋ:

- ਅਖਬਾਰ/ਪੇਪਰ ਤੌਲੀਆ
- ਪੇਪਰ ਦੇ ਬੈਗ (ਜਿਵੇਂ ਖੁੰਬਾਂ ਲਈ ਬੈਗ)
- ਸੀਰੀਅਲ ਜਾਂ ਕਰੈਕਰ ਬੌਕਸ
- ਪੀਜ਼ਾ ਡੱਬੇ




## ਨਹੀਂ ✗

ਪਲਾਸਟਿਕ ਦੇ ਜਾਂ ਕੰਪੋਸਟ ਹੋਣ ਯੋਗ ਪਲਾਸਟਿਕ ਦੇ ਬੈਗ ਨਾ ਵਰਤੋ, ਇਹ ਪ੍ਰਵਾਨ ਨਹੀਂ ਕੀਤੇ ਜਾਂਦੇ। ਪਲਾਸਟਿਕ ਜਾਂ ਕੰਪੋਸਟ ਹੋਣ ਯੋਗ ਬੈਗ ਗੰਦਗੀ ਪੈਦਾ ਕਰਦੇ ਹਨ ਅਤੇ ਕੰਪੋਸਟ ਕਰਨ ਦੇ ਕਾਰਜ ਵਿਚ ਦਖਲਅੰਦਾਜ਼ੀ ਕਰਦੇ ਹਨ, ਜਿਸ ਨਾਲ ਨਾ ਵੇਚੀ ਜਾ ਸਕਣ ਵਾਲੀ ਰੂੜੀ ਬਣਦੀ ਹੈ।



## ਰਸੋਈ ਦੀ ਰਹਿੰਦ-ਖੂੰਹਦ ਪਾਉਣ ਲਈ ਆਪਣੀ ਟੋਕਰੀ ਕਿਵੇਂ ਬਣਾਉਣੀ ਹੈ

### ਕਦਮ 1


ਅਖਬਾਰ ਦੀਆਂ 3 ਤੋਂ 4 ਸ਼ੀਟਾਂ ਇਕ ਦੂਜੀ ਦੇ ਉੱਪਰ ਰੱਖੋ।

### ਕਦਮ 2



ਤਿਕੋਨ ਬਣਾਉਣ ਲਈ ਇਕ ਕੋਨੇ ਨੂੰ ਮੋੜੋ। ਵਾਧੂ ਪੇਪਰ ਪਾੜ ਦਿਉ।

### ਕਦਮ 3



ਪੋਆਇੰਟ **ਬੀ** ਨੂੰ ਪੇਪਰ ਦੇ ਉੱਪਰ ਮੋੜੋ ਅਤੇ ਪੋਆਇੰਟ **ਸੀ** ’ਤੇ ਲਿਜਾਉ, ਅਤੇ ਇਕ ਭੰਨ ਬਣਾਉ।

### ਕਦਮ 4



ਪੋਆਇੰਟ **ਏ** ਨੂੰ ਪੇਪਰ ਦੇ ਉੱਪਰ ਦੀ ਮੋੜ ਕੇ ਪੋਆਇੰਟ **ਬੀ** ਅਤੇ **ਸੀ** ਨਾਲ ਮਿਲਾਉ ਅਤੇ ਇਕ ਭੰਨ ਬਣਾਉ। ਇਸ ਨਾਲ ਵਰਗਾਕਾਰ ਬਣ ਜਾਵੇਗਾ।

### ਕਦਮ 5



ਬਣਾਏ ਗਏ ਪਿਛਲੇ ਦੋ ਭੰਨਾਂ ਦੀ ਤਹਿ ਖੋਲ੍ਹੋ ਤਾਂ ਜੋ ਪੇਪਰ ਮੁੜ ਕੇ ਤਿਕੋਨ ਬਣ ਜਾਵੇ। ਪਿਛਲੇ ਦੋ ਭੰਨ ਅਗਲੇ ਕਦਮਾਂ ਲਈ ਤੁਹਾਡੀਆਂ ਸੇਧਾਂ ਹਨ।

ਭੰਨ - - - - - - - -

### ਕਦਮ 6



ਪੋਆਇੰਟ **ਏ** ਫੜੋ ਅਤੇ ਮੋੜ ਕੇ ਤਿਕੋਨ ਦੇ ਸਭ ਤੋਂ ਦੂਰ ਦੇ ਪਾਸੇ ਉਪਰਲੇ ਭੰਨ ਦੇ ਸ਼ੁਰੂ ਨਾਲ ਮਿਲਾਉ।

### ਕਦਮ 7



ਪੋਆਇੰਟ **ਬੀ** ਫੜੋ ਅਤੇ ਮੋੜ ਕੇ ਤਿਕੋਨ ਦੇ ਦੂਜੇ ਪਾਸੇ ਉਪਰਲੇ ਭੰਨ ਨਾਲ ਮਿਲਾਉ।

### ਕਦਮ 8



ਪੋਆਇੰਟ **ਸੀ** ’ਤੇ ਅਖਬਾਰਾਂ ਦੀਆਂ ਤਹਿਾਂ ਅਲੱਗ ਕਰੋ ਅਤੇ ਡੱਬੇ ਦੇ ਹੇਠਾਂ ਵੱਲ ਨੂੰ ਧੱਕੋ।





